# ਸਟਾਲਿਨ ਦੀਆਂ ਨਜ਼ਰਾਂ ਵਿਚ
# ਲੈਨਿਨ

G
354
سٹالن دیاں نظراں وچ لینن

ਲੇਖਕ : ਸਟਾਲਿਨ

ਅਨੁਵਾਦਿਕ–ਪਿਆਰਾ ਸਿੰਘ 'ਸਹਿਰਾਈ'

ਲਾਹੌਰ

**ਪ੍ਰੀਤ ਨਗਰ ਸ਼ਾਪ**

੩੦, ਨਿਸਬਤ ਰੋਡ

ਸੌਂਪਿਆ ਸੀ ਕਿ ਅਸੀ ਪਾਰਟੀ ਦੀ ਪਵਿਤਰਤਾ ਨੂੰ ਕਾਇਮ ਰਖੀਏ ਤੇ ਇਹਦੇ ਨਾਂ ਉਤੇ ਕਿਸੇ ਕਿਸਮ ਦਾ ਦਾਗ਼ ਨਾ ਲਗਣ ਦੇਈਏ। ਕਾਮਰੇਡ ਲੈਨਿਨ! ਅਸੀ ਪ੍ਰਣ ਕਰਦੇ ਹਾਂ ਕਿ ਅਸੀ ਤੁਹਾਡੀ ਵਸੀਅਤ ਨੂੰ ਸ਼ਾਨ ਨਾਲ ਪੂਰੀ ਕਰਾਂਗੇ।

"ਕਾਮਰੇਡ ਲੈਨਿਨ ਨੇ ਸਾਡੀ ਪਾਰਟੀ ਨੂੰ ਪੰਝੀ ਸਾਲ ਪਾਲਿਆ ਤੇ ਉਸਾਰਿਆ ਹੈ। ਅਜ ਦੁਨੀਆਂ ਵਿਚ ਸਾਡੀ ਪਾਰਟੀ ਸਭ ਤੋਂ ਬਹੁਤੀ ਮਜ਼ਬੂਤ ਤੇ ਤਾਕਤਵਰ ਬਣ ਗਈ ਹੈ।

"ਜ਼ਾਰ-ਸ਼ਾਹੀ ਤੇ ਇਹਦੇ ਏਜੰਟਾਂ ਦੀਆਂ ਸੱਟਾਂ, ਸਰਮਾਇਆਦਾਰਾਂ ਤੇ ਜਾਗੀਰਦਾਰਾਂ ਦਾ ਗੁੱਸਾ ਤੇ ਅੱਗ, ਕੋਲਚਿਕ ਤੇ ਡੈਨੀਕਿਨ ਦੇ ਹਥਿਆਰ-ਬੰਦ ਹਮਲੇ, ਇੰਗਲੈਂਡ ਤੇ ਫ਼ਰਾਂਸ ਦਾ ਹਥਿਆਰ-ਬੰਦ ਦਖਲ, ਸਰਮਾਇਆਦਾਰ ਅਖਬਾਰਾਂ ਦਾ ਬਕਵਾਸ ਤੇ ਝੂਠ! ਇਹਨਾਂ ਬਿਛੂਆਂ ਨੇ ਪਿਛਲੇ ਪੰਝੀ ਵਰ੍ਹਿਆਂ ਵਿਚ ਕਈ ਤਰ੍ਹਾਂ ਦੇ ਡੰਗ ਮਾਰਨ ਦੇ ਯਤਨ ਕੀਤੇ, ਪਰ ਸਾਡੀ ਪਾਰਟੀ ਇਕ ਚਟਾਨ ਵਾਂਗ ਮਜ਼ਬੂਤੀ ਨਾਲ ਖਲੋਤੀ ਇਹਨਾਂ ਤੂਫਾਨਾਂ ਦਾ ਮੁਕਾਬਲਾ ਕਰਦੀ ਰਹੀ। ਪਾਰਟੀ ਨੇ ਇਸ ਖ਼ੂਨੀ ਸੰਗਰਾਮ ਦੇ ਦਿਨਾਂ ਵਿਚ ਆਪਣੀਆਂ ਰੈਂਕਾਂ ਨੂੰ ਜਥੇਬੰਦ ਤੇ ਇਕ-ਮੁਠ ਰਖਿਆ। ਅਤੇ ਆਪਣੇ ਇਤਹਾਦ ਤੇ ਜਥੇਬੰਦੀ ਦਾ ਸਦਕਾ ਇਹ ਮਜ਼ਦੂਰ-ਜਮਾਤ ਦੇ ਵੈਰੀਆਂ ਤੇ ਫਤਹ ਹਾਸਲ ਕਰ ਸਕੀ।

"ਕਾਮਰੇਡ ਲੈਨਿਨ ਨੇ ਸਾਥੋਂ ਵਿਛੜਨ ਵੇਲੇ ਸਾਨੂੰ ਪਾਰਟੀ ਦੇ ਇਤਹਾਦ ਦੀ ਹਿਫ਼ਾਜ਼ਤ ਦਾ ਫ਼ਰਜ਼ ਸਾਨੂੰ ਸੌਂਪਿਆ ਹੈ। ਕਾਮਰੇਡ ਲੈਨਿਨ! ਅਸੀਂ ਪ੍ਰਣ ਕਰਦੇ ਹਾਂ ਕਿ ਅਸੀ ਤੁਹਾਡੀ ਵਸੀਅਤ ਨੂੰ ਸ਼ਾਨ ਨਾਲ ਪੂਰੀ ਕਰਾਂਗੇ।

"ਮਜ਼ਦੂਰ ਜਮਾਤ ਦੀ ਹਾਲਤ ਬੜੀ ਹੀ ਖ਼ਰਾਬ ਤੇ ਅਸਹਿ ਹੋ ਰਹੀ ਹੈ। ਕਾਮਿਆਂ ਦੀਆਂ ਮੁਸੀਬਤਾਂ ਦਰਦਨਾਕ ਹਦ



ਤੀਕ ਪੁਜ ਚੁਕੀਆਂ ਹਨ। ਗ਼ੁਲਾਮ ਤੇ ਮਾਲਕ, ਸਰਫ਼ (ਅਧ-ਗ਼ੁਲਾਮ) ਤੇ ਜਾਗੀਰਦਾਰ, ਕਿਸਾਨ ਤੇ ਜ਼ਿਮੀਂਦਾਰ, ਮਜ਼ਦੂਰ ਤੇ ਸਰਮਾਇਆਦਾਰ, ਮਜ਼ਲੂਮ ਤੇ ਜ਼ਾਲਮ, ਸਦੀਆਂ ਤੋਂ ਦੁਨੀਆਂ ਦੀ ਸਮਾਜਕ ਬਣਤਰ ਇਹੋ ਰਹੀ ਹੈ, ਤੇ ਅਜ ਵੀ ਬਹੁਤੇ ਮੁਲਕਾਂ ਵਿਚ ਇਹੋ ਸਮਾਜਕ ਪ੍ਰਬੰਧ ਕਾਇਮ ਹੈ। ਇਹਨਾਂ ਹਜ਼ਾਰਾਂ ਵਰ੍ਹਿਆਂ ਵਿਚ ਮਜ਼ਲੂਮਾਂ ਤੇ ਕਾਮਿਆਂ ਨੇ ਸੈਆਂ ਵਾਰ ਜ਼ਾਲਮਾਂ ਦਾ ਤਖ਼ਤਾ ਉਲਟਣ ਤੇ ਆਪਣੀ ਹੋਣੀ ਦਾ ਆਪ ਮਾਲਕ ਬਣਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਪਰ ਹਰ ਵਾਰ ਉਹਨਾਂ ਨੂੰ ਹਾਰ ਖਾ ਕੇ ਅਤੇ ਬੇ-ਇਜ਼ਤ ਹੋ ਕੇ ਪਿਛੇ ਹਟਣਾ ਪਿਆ। ਉਹਨਾਂ ਦੇ ਦਿਲ ਬੇ-ਇਨਸਾਫ਼ੀ ਅਤੇ ਬੇ-ਇਜ਼ਤੀ ਦੇ ਕਰੋਧ ਭਰੇ ਖ਼ਿਆਲਾਂ ਨਾਲ ਮਚ ਰਹੇ ਸਨ। ਉਹ ਆਪਣੀ ਹਾਰ ਵੇਖ ਕੇ ਮਾਯੂਸ ਹੋ ਚੁਕੇ ਸਨ ਤੇ ਆਪਣੀ ਤਸੱਲੀ ਤੇ ਮੁਕਤੀ ਲਈ ਅਸਮਾਨੀ ਦਾਤਾਂ ਦੀ ਉਡੀਕ ਕਰਨ ਲਗੇ, ਪਰ ਗ਼ੁਲਾਮੀ ਦੀਆਂ ਜ਼ੰਜੀਰਾਂ ਪਕੀਆਂ ਅਟੁਟ ਰਹੀਆਂ ਜਾਂ ਬਹੁਤੇ ਤੋਂ ਬਹੁਤਾ ਪੁਰਾਣੀਆਂ ਜ਼ੰਜੀਰਾਂ ਟੁਟਦਿਆਂ ਹੀ ਨਵੀਆਂ ਬੇੜੀਆਂ ਉਹਨਾਂ ਦੇ ਪੈਰਾਂ ਵਿਚ ਪੈ ਗਈਆਂ, ਜਿਹੜੀਆਂ ਪਹਿਲਾਂ ਵਾਂਗੂ ਹੀ ਭਾਰੀਆਂ ਤੇ ਜ਼ਲੀਲ ਕਰਨ ਵਾਲੀਆਂ ਸਨ। ਸਿਰਫ਼ ਸਾਡੇ ਮੁਲਕ ਵਿਚ ਹੀ ਮਜ਼ਲੂਮ ਤੇ ਦਬਾਈ ਹੋਈ ਆਮ ਜਨਤਾ ਸਰਮਾਇਆਦਾਰਾਂ ਤੇ ਜ਼ਿਮੀਂਦਾਰਾਂ ਦਾ ਰਾਜ ਖਤਮ ਕਰ ਕੇ ਆਪਣਾ ਮਜ਼ਦੂਰ ਕਿਸਾਨ ਰਾਜ ਕਾਇਮ ਕਰਨ ਵਿਚ ਕਾਮਯਾਬ ਹੋਈ ਹੈ। ਸਾਥੀਓ! ਤੁਸੀ ਜਾਣਦੇ ਹੋ, ਤੇ ਸਾਰੀ ਦੁਨੀਆਂ ਇਹਨੂੰ ਮੰਨ ਚੁਕੀ ਹੈ ਕਿ ਇਸ ਇਤਿਹਾਸਕ ਸੰਗਰਾਮ ਦੀ ਅਗਵਾਈ ਲੈਨਿਨ ਤੇ ਉਹਦੀ ਪਾਰਟੀ ਨੇ ਕੀਤੀ ਹੈ। ਲੈਨਿਨ ਦੀ ਸ਼ਾਨ ਇਸ ਸਚਾਈ ਵਿਚ ਲੁਕੀ ਹੋਈ ਹੈ ਕਿ ਉਸਨੇ ਰੂਸ ਵਿਚ ਸੋਵੀਅਟ ਲੋਕ ਰਾਜ ਕਾਇਮ ਕਰ ਕੇ ਦੁਨੀਆਂ ਭਰ ਦੇ ਮਜ਼ਲੂਮ ਤੇ ਮਹਿਕੂਮ ਲੋਕਾਂ ਅਗੇ ਇਹ ਗਲ ਸਾਫ਼ ਕਰ

ਦਿਤੀ ਕਿ ਛੁਟਕਾਰੇ ਤੇ ਆਜ਼ਾਦੀ ਦੀਆਂ ਆਸਾਂ ਟੁਟੀਆਂ ਨਹੀਂ ਹਨ। ਜ਼ਿਮੀਂਦਾਰਾਂ ਤੇ ਸਰਮਾਇਆਦਾਰਾਂ ਦੀ ਹਕੂਮਤ ਹਮੇਸ਼ਾ ਕਾਇਮ ਰਹਿਣ ਵਾਲੀ ਚੀਜ਼ ਨਹੀਂ। ਇਹਦਾ ਅੰਤ ਯਕੀਨੀ ਹੈ ਤੇ ਕਿਰਤੀਆਂ ਦਾ ਰਾਜ ਉਹਨਾਂ ਦੇ ਆਪਣੇ ਸੰਗਰਾਮ ਨਾਲ ਦੁਨੀਆ ਦੇ ਖੂੰਜੇ ਖੂੰਜੇ ਵਿਚ ਕਾਇਮ ਹੋ ਸਕਦਾ ਹੈ। ਲੈਨਿਨ ਦੇ ਇਸ ਅਮਲੀ ਸਬਕ ਨਾਲ ਦੁਨੀਆ ਭਰ ਦੇ ਮਜ਼ਦੂਰਾਂ ਕਿਸਾਨਾਂ ਦਾ ਦਿਲ ਜੋਸ਼ ਨਾਲ ਭਰ ਗਿਆ। ਮੁਕਤੀ ਤੇ ਆਜ਼ਾਦੀ ਦੀਆਂ ਆਸਾਂ ਉਹਨਾਂ ਦੇ ਦਿਲਾਂ ਵਿਚ ਜਾਗ ਪਈਆਂ ਤੇ ਉਹ ਸੰਗਰਾਮ ਕਰਨ ਲਗੇ। ਇਹੋ ਕਾਰਨ ਹੈ ਕਿ ਅਜ ਸਾਰੀ ਦੁਨੀਆਂ ਦੇ ਮਜ਼ਦੂਰ ਕਿਸਾਨ ਲੈਨਿਨ ਨੂੰ ਪਿਆਰ ਕਰਦੇ ਹਨ।

"ਕਾਮਰੇਡ ਲੈਨਿਨ ਨੇ ਸਾਥੋਂ ਵਿਛੜ ਵੇਲੇ ਮਜ਼ਦੂਰ ਰਾਜ ਦੀ ਹਿਫ਼ਾਜ਼ਤ ਤੇ ਇਸ ਨੂੰ ਪਕਿਆਂ ਕਰਨ ਦਾ ਫ਼ਰਜ਼ ਸਾਨੂੰ ਸੌਂਪਿਆ ਹੈ। ਕਾਮਰੇਡ ਲੈਨਿਨ! ਅਸੀ ਪ੍ਰਣ ਕਰਦੇ ਹਾਂ ਕਿ ਅਸੀਂ ਤੁਹਾਡੀ ਇਸ ਵਸੀਅਤ ਨੂੰ ਸ਼ਾਨ ਨਾਲ ਪੂਰਾ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦਿਆਂਗੇ।

ਸਾਡੇ ਮੁਲਕ ਵਿਚ ਮਜ਼ਦੂਰ ਰਾਜ ਦੀ ਉਸਾਰੀ ਮਜ਼ਦੂਰਾਂ ਤੇ ਕਿਸਾਨਾਂ ਦੇ ਪਰਸਪਰ ਇਤਿਹਾਦ ਦੀਆਂ ਨੀਹਾਂ ਤੇ ਹੋਈ ਹੈ। ਇਹ ਇਤਿਹਾਦ ਸੋਵੀਅਟ ਲੋਕ ਰਾਜ ਦੀ ਪਹਿਲੀ ਤੇ ਨੀਂਹ ਦੀ ਇਟ ਹੈ। ਇਸ ਇਤਿਹਾਦ ਤੋਂ ਬਿਨਾਂ ਮਜ਼ਦੂਰ ਤੇ ਕਿਸਾਨ ਸਰਮਾਇਆਦਾਰਾਂ ਤੇ ਜ਼ਿਮੀਂਦਾਰਾਂ ਨੂੰ ਹਾਰ ਨਹੀਂ ਸਨ ਦੇ ਸਕਦੇ। ਕਿਸਾਨ ਬਿਨਾਂ ਮਜ਼ਦੂਰਾਂ ਦੀ ਅਗਵਾਈ ਦੇ ਜ਼ਿਮੀਂਦਾਰਾਂ ਦਾ ਫਸਤਾ ਨਹੀਂ ਸਨ ਵਢ ਸਕਦੇ। ਮੁਲਕ ਦੀ ਘਰੋਗੀ ਜੰਗ ਦਾ ਸਾਰਾ ਇਤਿਹਾਸ ਇਸ ਗਲ ਨੂੰ ਸਾਬਤ ਕਰਦਾ ਹੈ। ਪਰ ਸੋਵੀਅਟ ਲੋਕ ਰਾਜ ਨੂੰ ਮਜ਼ਬੂਤ ਕਰਨ ਦਾ ਸੰਗਰਾਮ ਅਜੇ ਮੁਕਿਆ ਨਹੀਂ,



ਸਗੋਂ ਇਸ ਨੇ ਨਵਾਂ ਰੂਪ ਧਾਰਨ ਕਰ ਲਿਆ ਹੈ। ਹੁਣ ਤਾਂ ਪਹਿਲਾਂ ਮਜ਼ਦੂਰਾਂ ਤੇ ਕਿਸਾਨਾਂ ਦੇ ਇਤਿਹਾਦ ਦਾ ਲਛਣ ਇਕ ਫ਼ੌਜੀ ਇਤਿਹਾਦ ਦਾ ਸੀ, ਜਿਸਦਾ ਮਨੋਰਥ ਇਨਕਲਾਬ ਵਿਰੋਧੀਆਂ ਡੈਨੀਕਿਨ ਤੇ ਕੋਲਚਕ ਦਾ ਸਿਰ ਭੰਨਣਾ ਸੀ। ਇਸ ਵੇਲੇ ਮਜ਼ਦੂਰਾਂ ਤੇ ਕਿਸਾਨਾਂ ਦੇ ਇਤਿਹਾਦ ਨੂੰ ਆਰਥਕ ਮਿਲਵਰਤਣ ਦਾ ਰੂਪ ਧਾਰਨਾਂ ਜ਼ਰੂਰੀ ਹੈ! ਆਰਥਕ ਹੈਸੀਅਤ ਵਿਚ ਪਿੰਡਾਂ ਤੇ ਸ਼ਹਿਰਾਂ ਵਿਚ ਮਿਲਵਰਤਣ ਹੋਵੇ, ਮਜ਼ਦੂਰ ਤੇ ਕਿਸਾਨ ਇਕ ਦੂਜੇ ਨੂੰ ਮਿਲ-ਵਰਤਣ ਦੇਣ, ਕਿਉਂਕਿ ਹੁਣ ਏਸ ਏਕਤਾ ਦਾ ਮਨੋਰਥ ਵਾਪਾ-ਰੀਆਂ ਤੇ ਅਮੀਰ ਕਿਸਾਨਾਂ (ਕੁਲਾਕ) ਦੀ ਤਾਕਤ ਨੂੰ ਖ਼ਤਮ ਕਰਨਾ ਹੈ। ਏਕਤਾ ਦਾ ਮਕਸਦ ਇਕ ਅਜਿਹੀ ਹਾਲਤ ਪੈਦਾ ਕਰਨਾ ਹੈ, ਜਿਸ ਵਿਚ ਮਜ਼ਦੂਰ ਤੇ ਕਿਸਾਨ ਪ੍ਰਸਪਰ ਤੌਰ ਤੇ ਇਕ ਦੂਜੇ ਦੀਆਂ ਲੋੜਾਂ ਪੂਰਾ ਕਰਨ। ਤੁਸੀਂ ਜਾਣਦੇ ਹੋ ਕਿ ਬਿਨਾਂ ਲੈਨਿਨ ਦੇ ਕਿਸੇ ਹੋਰ ਨੇ ਇਸ ਕੰਮ ਵਲ ਏਨਾਂ ਧਿਆਨ ਨਹੀਂ ਦਿਤਾ ਸੀ।

"ਕਾਮਰੇਡ ਲੈਨਿਨ ਨੇ ਸਾਥੋਂ ਵਿਛੜਨ ਵੇਲੇ ਮਜ਼ਦੂਰਾਂ ਤੇ ਕਿਸਾਨਾਂ ਦੀ ਏਕਤਾ ਨੂੰ ਮਜ਼ਬੂਤ ਤੇ ਅਟੁਟ ਬਣਾਨ ਦਾ ਫ਼ਰਜ਼ ਸਾਨੂੰ ਸੌਂਪਿਆ ਸੀ। ਕਾਮਰੇਡ ਲੈਨਿਨ! ਅਸੀ ਪ੍ਰਣ ਕਰਦੇ ਹਾਂ ਕਿ ਅਸੀ ਤੁਹਾਡੀ ਇਸ ਵਸੀਅਤ ਨੂੰ ਵੀ ਸ਼ਾਨ ਨਾਲ ਪੂਰਾ ਕਰਾਂਗੇ।

"ਸੋਵੀਅਟ ਲੋਕ ਰਾਜ ਦੀ ਦੂਜੀ ਇਟ ਰੂਸ ਦੀਆਂ ਆਜ਼ਾਦ ਤੇ ਮਿਹਨਤੀ ਕੌਮਾਂ ਦਾ ਇਤਿਹਾਦ ਹੈ। ਰੂਸੀ ਤੇ ਯੂਕਰੇਨੀ, ਬਸ਼ਕੀਰ ਤੇ ਬਾਇਲੋ ਰੂਸੀ, ਜਾਰਜੀ ਤੇ ਆਜ਼ਰਬਾਈਜਾਨੀ, ਆਰਮੀਨੀ ਤੇ ਦਾਗ਼ਸਤਾਨੀ, ਤਾਤਾਰੀ ਤੇ ਕਿਰਗੀਜ਼, ਉਜ਼ਬਕ ਤੇ ਤੁਰਕ, ਸਾਰੇ ਮਜ਼ਦੂਰ ਰਾਜ ਨੂੰ ਮਜ਼ਬੂਤ ਤੇ ਪੱਕਾ ਕਰਨਾ ਚਾਹੁੰਦੇ